# Gandhi Peace Prize for Year 2019 announced

March 22, 2021

## ਸਾਲ 2019 ਦੇ ਗਾਂਧੀ ਸ਼ਾਂਤੀ ਇਨਾਮ ਦਾ ਐਲਾਨ

22 ਮਾਰਚ, 2021

ਸਾਲ 2019 ਦਾ ਗਾਂਧੀ ਸ਼ਾਂਤੀ ਇਨਾਮ ਓਮਾਨ ਦੇ (ਸਵਰਗੀ) ਮਹਾਰਾਜ ਸੁਲਤਾਨ ਕਬੂਸ ਬਿਨ ਸਈਦ ਅਲ ਸੈਦ ਨੂੰ ਦਿੱਤਾ ਜਾ ਰਿਹਾ ਹੈ। ਗਾਂਧੀ ਸ਼ਾਂਤੀ ਇਨਾਮ 1995 ਵਿੱਚ ਮਹਾਤਮਾ ਗਾਂਧੀ ਦੀ 125ਵੀਂ ਜਨਮ ਵਰ੍ਹੇਗੰਢ ਦੀ ਯਾਦ ਵਿੱਚ ਭਾਰਤ ਸਰਕਾਰ ਦੁਆਰਾ ਸਥਾਪਿਤ ਕੀਤਾ ਗਿਆ ਸਲਾਨਾ ਇਨਾਮ ਹੈ। ਇਹ ਇਨਾਮ ਕੌਮੀਅਤ, ਨਸਲ, ਭਾਸ਼ਾ, ਜਾਤ, ਨਸਲ ਜਾਂ ਲਿੰਗ ਦਾ ਵਿਚਾਰ ਕੀਤੇ ਬਿਨਾਂ ਸਭਨਾਂ ਲਈ ਖੁੱਲਾ ਹੈ।

ਗਾਂਧੀ ਸ਼ਾਂਤੀ ਇਨਾਮ ਦੀ ਜਿਊਰੀ ਦੀ ਪ੍ਰਧਾਨਗੀ ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਕਰ ਰਹੇ ਹਨ, ਜਿਸ ਵਿੱਚ ਦੋ ਐਕਸ -ਔਫੀਸ਼ਿਓ ਮੈਂਬਰ - ਭਾਰਤ ਦੇ ਚੀਫ਼ ਜਸਟਿਸ ਅਤੇ ਲੋਕ ਸਭਾ ਵਿੱਚ ਸਭ ਤੋਂ ਵੱਡੇ ਵਿਰੋਧੀ ਦਲ ਦੇ ਨੇਤਾ ਸ਼ਾਮਲ ਹਨ। ਦੋ ਉੱਘੇ ਮੈਂਬਰ - ਲੋਕ ਸਭਾ ਦੇ ਸਪੀਕਰ ਸ਼੍ਰੀ ਓਮ ਬਿਰਲਾ ਅਤੇ ਸੁਲਭ ਅੰਤਰਾਸ਼ਟਰੀ ਸਮਾਜਿਕ ਸੇਵਾ ਸੰਸਥਾ ਦੇ ਸੰਸਥਾਪਕ ਸ਼੍ਰੀ ਬਿੰਦੇਸ਼ਵਰ ਪਾਠਕ - ਵੀ ਜਿਊਰੀ ਦਾ ਹਿੱਸਾ ਹਨ।

ਜਿਊਰੀ ਦੀ ਬੈਠਕ 19 ਮਾਰਚ, 2021 ਨੂੰ ਹੋਈ ਸੀ ਅਤੇ ਲੋੜੀਂਦੇ ਵਿਚਾਰ ਵਟਾਂਦਰੇ 'ਤੋਂ ਬਾਅਦ ਸਰਬਸੰਮਤੀ ਨਾਲ (ਸਵਰਗੀ) ਮਹਾਰਾਜ ਸੁਲਤਾਨ ਕਬੂਸ ਬਿਨ ਸਈਦ ਅਲ ਸੈਦ ਨੂੰ ਉਨ੍ਹਾਂ ਦੇ ਅਹਿੰਸਾਵਾਦੀ ਅਤੇ ਹੋਰਨਾਂ  ਗਾਂਧੀਵਾਦੀ ਤਰੀਕਿਆਂ ਰਾਹੀਂ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਖੇਤਰਾਂ ਵਿੱਚ ਤਬਦੀਲੀ ਲਿਆਉਣ ਵਿੱਚ ਉਨ੍ਹਾਂ ਦੇ ਯੋਗਦਾਨ ਵਜੋਂ ਸਾਲ 2019 ਦੇ ਗਾਂਧੀ ਸ਼ਾਂਤੀ ਇਨਾਮ ਲਈ ਚੁਣਿਆ ਗਿਆ।

ਇਸ ਇਨਾਮ ਦੇ ਪਿਛਲੇ ਜੇਤੂਆਂ ਵਿੱਚ ਤਨਜ਼ਾਨੀਆ ਦੇ ਸਾਬਕਾ ਰਾਸ਼ਟਰਪਤੀ ਡਾ ਜੂਲੀਅਸ ਨਯੇਰੇਰੇ, ਜਰਮਨੀ ਫੈਡਰਲ ਰੀਪਬਲਿਕ  ਦੇ ਡਾ. ਗਰਹਾਰਡ ਫਿਸ਼ਰ, ਰਾਮਕ੍ਰਿਸ਼ਨ ਮਿਸ਼ਨ, ਬਾਬਾ ਆਮਟੇ (ਸ਼੍ਰੀ ਮੁਰਲੀਧਰ ਦੇਵੀਦਾਸ ਆਮਟੇ), ਦੱਖਣੀ ਅਫਰੀਕਾ ਦੇ ਸਾਬਕਾ ਰਾਸ਼ਟਰਪਤੀ ਸਵਰਗੀ ਡਾ: ਨੈਲਸਨ ਮੰਡੇ, ਗ੍ਰਾਮੀਣ ਬੈਂਕ ਆਫ ਬੰਗਲਾਦੇਸ਼, ਦੱਖਣੀ ਅਫਰੀਕਾ ਦੇ ਆਰਚਬਿਸ਼ਪ ਡੇਸਮੰਡ ਟੱਟੂ, ਸ਼੍ਰੀ ਚੰਦੀ ਪ੍ਰਸਾਦ ਭੱਟ ਅਤੇ ਭਾਰਤੀ ਪੁਲਾੜ ਖੋਜ ਸੰਗਠਨ ਵਰਗੇ ਮੰਨੇ ਪ੍ਰਮੰਨੇ ਲੋਕ/ ਸੰਸਥਾਵਾਂ ਸ਼ਾਮਲ ਹਨ। ਇਸ ਇਨਾਮ ਦੇ ਹਾਲੀਆ ਜੇਤੂਆਂ ਵਿੱਚ ਵਿਵੇਕਾਨੰਦ ਕੇਂਦਰ, ਭਾਰਤ (2015), ਅਕਸ਼ਯਪਾਤਰ ਫਾਉਂਡੇਸ਼ਨ, ਭਾਰਤ ਅਤੇ ਸੁਲਭ ਇੰਟਰਨੈਸ਼ਨਲ (2016 ਲਈ ਸਾਂਝੇ ਤੌਰ 'ਤੇ); ਏਕਲ ਅਭਿਆਨ ਟਰੱਸਟ, ਭਾਰਤ (2017) ਅਤੇ ਸ਼੍ਰੀ ਯੋਹੀ ਸਾਸਾਕਾਵਾ, ਜਪਾਨ (2018) ਸ਼ਾਮਲ ਹਨ।

ਇਸ ਇਨਾਮ ਵਿੱਚ 1 ਕਰੋੜ  ਰੁਪਏ ਦੀ ਨਕਦ ਰਾਸ਼ੀ, ਪ੍ਰਸ਼ੰਸਾ ਪੱਤਰ, ਤਖ਼ਤੀ ਅਤੇ ਇੱਕ ਸ਼ਾਨਦਾਰ ਰਵਾਇਤੀ ਹੱਥਕਰਘਾ / ਹੈਂਡਲੂਮ ਆਈਟਮ ਸ਼ਾਮਲ ਹਨ।

(ਸਵਰਗੀ) ਮਹਾਰਾਜ ਸੁਲਤਾਨ ਕਬੂਸ ਬਿਨ ਸਈਦ ਅਲ ਸੈਦ ਇੱਕ ਦੂਰਦਰਸ਼ੀ ਆਗੂ ਸਨ, ਜਿਨ੍ਹਾਂ ਦੀਆਂ ਕੌਮਾਂਤਰੀ ਮਸਲਿਆਂ ਨਾਲ ਨਜਿੱਠਣ ਵਿੱਚ ਸੰਜਮ ਅਤੇ ਵਿਚੋਲਗੀ ਦੀਆਂ ਨੀਤੀਆਂ ਸਦਕਾ ਉਨ੍ਹਾਂ ਨੂੰ ਸਾਰੀ ਦੁਨੀਆ ਅੰਦਰ ਸਨਮਾਨ ਅਤੇ ਸ਼ਲਾਘਾ ਹਾਸਲ ਹੋਏ.  ਉਨ੍ਹਾਂ ਨੇ ਵੱਖ ਵੱਖ ਖੇਤਰੀ ਵਿਵਾਦਾਂ ਅਤੇ ਟਕਰਾਵਾਂ ਦੇ ਮਾਮਲੇ 'ਚ ਅਮਨ ਦੀਆਂ ਕੋਸ਼ਿਸ਼ਾਂ ਨੂੰ ਉਰਸ਼ਾਹਰਤ ਕਰਨ 'ਚ ਵੱਡੀ ਭੂਮਿਕਾ ਨਿਭਾਈ। ਮਹਾਰਾਜ ਸੁਲਤਾਨ ਕਬੂਸ ਬਿਨ ਸਈਦ ਅਲ ਸੈਦ  ਭਾਰਤ ਅਤੇ ਓਮਾਨ

ਦਰਮਿਆਨ ਵਿਸ਼ੇਸ਼ ਸਬੰਧਾਂ ਦੇ ਘਾੜੇ ਸਨ. ਉਨ੍ਹਾਂ ਨੇ ਭਾਰਤ ਵਿੱਚ ਪੜ੍ਹਾਈ ਕੀਤੀ ਸੀ ਅਤੇ ਭਾਰਤ ਨਾਲ ਆਪਣਾ ਵਿਸ਼ੇਸ਼ ਸਬੰਧ ਬਣਾਈ ਰੱਖਿਆ|

ਪ੍ਰਧਾਨ ਮੰਤਰੀ ਮੋਦੀ ਨੇ (ਸਵਰਗੀ) ਮਹਾਰਾਜ ਸੁਲਤਾਨ ਕਬੂਸ ਬਿਨ ਸਈਦ ਅਲ ਸੈਦ ਦੇ ਸਵਰਗਵਾਸ ਹੋਣ ਤੋਂ ਬਾਅਦ ਉਨ੍ਹਾਂ ਦੇ ਯੋਗਦਾਨ ਨੂੰ ਚੇਤੇ ਕਰਦੇ ਹੋਏ ਕਿਹਾ ਸੀ, "ਉਹ ਭਾਰਤ ਦੇ ਸੱਚੇ ਦੋਸਤ ਸਨ ਅਤੇ ਉਨ੍ਹਾਂ ਨੇ ਭਾਰਤ -ਓਮਾਨ ਦਰਮਿਆਨ ਰਣਨੀਤਕ ਭਾਈਵਾਲੀ ਵਿਕਸਤ ਕਰਨ ਲਈ ਮਜ਼ਬੂਤ ਅਗਵਾਈ ਪ੍ਰਦਾਨ ਕੀਤੀ। ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ "ਦੂਰਦਰਸ਼ੀ ਆਗੂ ਅਤੇ ਸਟੇਟਸਮੈਨ" ਅਤੇ "ਇਸ ਖੇਤਰ ਅਤੇ ਸਾਰੀ ਦੁਨੀਆ ਲਈ ਅਮਨ ਦੇ ਚਾਨਣ ਮੁਨਾਰੇ" ਵਜੋਂ ਯਾਦ ਕੀਤਾ ਸੀ|

ਗਾਂਧੀ ਸ਼ਾਂਤੀ ਇਨਾਮ ਮਹਾਰਾਜ ਸੁਲਤਾਨ ਕਬੂਸ ਬਿਨ ਸਈਦ ਅਲ ਸੈਦ ਨੂੰ ਭਾਰਤ ਅਤੇ ਓਮਾਨ ਦੇ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਖਾੜੀ ਖੇਤਰ ਅੰਦਰ ਸ਼ਾਂਤੀ ਅਤੇ ਅਹਿੰਸਾ ਨੂੰ ਉਤਸ਼ਾਹਤ ਕਰਨ ਵਿੱਚ ਉਨ੍ਹਾਂ ਵੱਲੋਂ ਕੀਤੇ  ਗਏ ਯਤਨਾਂ ਲਈ ਦਿੱਤਾ ਗਿਆ ਸਨਮਾਨ ਹੈ।

ਨਵੀਂ ਦਿੱਲੀ
22 ਮਾਰਚ, 2021

DISCLAIMER: This is an approximate translation. The original is available in English on MEA's website and may be referred to as the official press release.